http://www.gnduonline.com

**Exam. Code : 103203**
**Subject Code : 1107**

**B.A./B.Sc. 3rd Semester**

**PUNJABI ELECTIVE**

Time Allowed—3 Hours] [Maximum Marks—100

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਘੜੀ ਘੜੀ ਇਹ ਝੋਲੇ ਖਾਂਦਾ
ਛੱਲੀ ਇਕ ਨਾ ਲਾਹਵੇ
ਫੀਤਾ ਨਹੀਂ ਜੋ ਬੀੜੀ ਬੰਨ੍ਹਾਂ
ਬਾਇੜ ਹੱਥ ਨਾ ਆਵੇ।

(ii) ਜਮ ਕੇ ਹਾਥ ਤਿਆਰ, ਭਰੀ ਬੰਦੂਕ ਹੈ
ਲੱਗੇ ਪਲੀਤੇ ਗੋਲੀ ਨਾ ਹੀ ਚੂਕ ਹੈ
ਗਿਰੈ ਨਿਸ਼ਾਨਾ ਉਹਾਂ ਲਾਗੀ ਚੋਟ ਹੈ
ਵਜੀਦਾ ਕਿਆ ਭਰਵਾਸਾ ਇਸਕਾ ਕਾਕੀਓਟ ਹੈ।

(iii) ਜੇ ਜ਼ੋਰ ਨਾ ਸੀ ਸੋਹਣੇ ਨਾਲ ਤੇਰੇ ਖੜੀ ਦਸਤ ਪੁਕਾਰਦੀ ਵਲ ਜੂਹੀ
ਪੂਰਨ ਨਜ਼ਰ ਨਾ ਆਂਵਦਾ ਸੁੰਦਰਾਂ ਨੂੰ, ਰਾਣੀ ਰੰਗ ਮਹੱਲ ਤੋਂ ਟੁੱਟ ਮੋਈ
ਧੱਪੇ ਇਸ਼ਕ ਦੇ ਮਾਰ ਹੈਰਾਨ ਕੀਤੀ, ਪਾਟੇ ਨੈਣ ਨੱਕੋਂ ਚੱਲੀ ਰੱਤ ਸੂਹੀ
ਕਾਦਰਯਾਰ ਜਾ ਲੋਕ ਹੈਰਾਨ ਹੋਏ, ਅੱਜ ਬਾਜ ਤੇ ਚਿੜੀ ਸਵਾਰ ਹੋਈ।


http://www.gnduonline.com

http://www.gnduonline.com

(iv) ਫੇਰੂ ਸ਼ਹਿਰ ਦੇ ਹੇਠ ਜਾ ਖੇਤ ਰੁੱਧੇ
ਤੋਪਾਂ ਚੱਲੀਆਂ ਨੀ ਵਾਂਗ ਤੋੜਿਆਂ ਦੇ
ਸਿੰਘ ਸੂਰਮੇ ਆਣ ਮੈਦਾਨ ਲੱਥੇ
ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ
ਟੁੰਡੇ ਲਾਟ ਕੇ ਅੰਤ ਨੂੰ ਖਾਇ ਗੁੱਸਾ
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ
ਸ਼ਾਹ ਮੁਹੰਮਦਾ ਰੰਡ ਬੈਠਾਇ ਨੰਦਨ
ਸਿੰਘ ਜਾਨ ਲੈਂਦੇ ਨਾਲ ਜ਼ੋਰਿਆਂ ਦੇ। 10×2=20

(ਅ) ਮੱਧਕਾਲੀ ਪੰਜਾਬੀ ਕਾਵਿ ਸੰਗ੍ਰਹਿ ਵਿੱਚ ਦਰਜ ਕਾਦਰਯਾਰ ਦੀ ਰਚਨਾ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਬੁੱਲ੍ਹੇ ਸ਼ਾਹ ਦੇ ਜੀਵਨ ਅਤੇ ਰਚਨਾ ਸੰਬੰਧੀ ਸੰਖੇਪ ਜਾਣਕਾਰੀ ਦਿਉ। 10

(ੲ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਪੰਜ** ਦੇ ਉੱਤਰ ਦਿਉ :

(i) ਬੁੱਲ੍ਹੇ ਸ਼ਾਹ ਦਾ ਇਸ਼ਕ ਕਿਹੋ ਜਿਹਾ ਹੈ ?
(ੳ) ਮਜਾਜ਼ੀ (ਅ) ਹਕੀਕੀ
(ੲ) ਬਜ਼ਾਰੀ (ਸ) ਮਤਲਬੀ

(ii) ਵਾਰਸ ਸ਼ਾਹ ਦਾ ਜਨਮ ਸਥਾਨ ਹੈ –
(ੳ) ਜੰਡਿਆਲਾ ਸ਼ੇਰ ਖਾਂ (ਅ) ਕਸੂਰ
(ੲ) ਗੁਜਰਾਂਵਾਲਾ (ਸ) ਲਾਹੌਰ

(iii) ਪੂਰਨ ਭਗਤ ਦਾ ਕਿੱਸਾ ਕਿਹੜੇ ਕਾਵਿ ਰੂਪ ਵਿੱਚ ਲਿਖਿਆ ਗਿਆ ਹੈ ?
(ੳ) ਕਾਫੀ (ਅ) ਸੀਹਰਫੀ
(ੲ) ਸਤਵਾਰਾ


http://www.gnduonline.com

(iv) ਪੂਰਨ ਭਗਤ ਕਿੰਨੇ ਸਾਲ ਭੋਰੇ ਵਿੱਚ ਰਿਹਾ ?

(ੳ) ਬਾਰਾਂ ਸਾਲ (ਅ) ਦਸ ਸਾਲ

(ੲ) ਚੌਦਾਂ ਸਾਲ (ਸ) ਵੀਹ ਸਾਲ

(v) ਨਾਦਰ ਸ਼ਾਹ ਦੀ ਵਾਰ ਦਾ ਲੇਖਕ ਕੌਣ ਹੈ ?

(ੳ) ਵਜੀਦ (ਅ) ਵਾਰਸ

(ੲ) ਨਜਾਬਤ (ਸ) ਕਾਦਰਯਾਰ

(vi) ਜੰਗਨਾਮਾ ਸ਼ਾਹ ਮੁਹੰਮਦ ਕਿਸ ਛੰਦ ਵਿੱਚ ਲਿਖਿਆ ਹੋਇਆ ਹੈ ?

(ੳ) ਸਤਵਾਰਾ (ਅ) ਬੈਂਤ

(ੲ) ਕਾਫੀ (ਸ) ਚੌਂਪਈ

(vii) ਮਹਾਰਾਜਾ ਸ਼ੇਰ ਸਿੰਘ ਨੂੰ ਕਿਸ ਨੇ ਮਾਰਿਆ ?

(ੳ) ਅਜੀਤ ਸਿੰਘ ਨੇ (ਅ) ਚੰਦ ਕੌਰ ਨੇ

(ੲ) ਚੇਤ ਸਿੰਘ ਨੇ (ਸ) ਧਿਆਨ ਸਿੰਘ ਨੇ

2×5=10

2. ਝੁਮਕੇ ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਹਾਰਗਿਐਂ ਰਤਨਿਆਂ! ਦੇ ਆਧਾਰ ਤੇ ਗੁਰਦਿਆਲ ਸਿੰਘ ਦੀ ਕਹਾਣੀ ਕਲਾ ਤੇ ਨੋਟ ਲਿਖੋ। 20

3. ਭੰਗੜਾ : ਪਰੰਪਰਾ ਬਨਾਮ ਆਧੁਨਿਕਤਾ ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਸਭਿਆਚਾਰ ਤੇ ਸਾਹਿਤ ਨਿਬੰਧ ਦਾ ਸਾਰ ਲਿਖੋ। 20





http://www.gnduonline.com

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਚਾਰ** ਦੇ ਸੰਖੇਪ ਉੱਤਰ ਦਿਉ :

(i) ਸਭਿਆਚਾਰ ਦੀ ਪ੍ਰੀਭਾਸ਼ਾ ਦਿਉ।

(ii) ਪੰਜਾਬੀ ਧੀਮੇ ਬੋਲ ਵਾਲੀ ਕੌਮ ਕਿਉਂ ਨਹੀਂ ?

(iii) ਪੁਤਲੀਆਂ ਦੇ ਤਮਾਸ਼ੇ ਦਾ ਕੋਈ ਇਕ ਦ੍ਰਿਸ਼ ਵਰਣਨ ਕਰੋ।

(iv) ਭਾਬੀ ਮੈਨਾ ਪਾਤਰ ਦਾ ਪਾਤਰ ਚਿਤਰਨ ਕਰੋ।

(v) ਸ਼ਹਿਰਯਾਦ ਕਹਾਣੀ ਵਿੱਚ ਬਿਆਨ ਜਾਨਵਰਾਂ ਦੀ ਮਨੋਸਥਿਤੀ ਦੱਸੋ।

(vi) ਮੁਰਕੀਆਂ ਕਹਾਣੀ ਵਿਚਲੇ ਕਰੀਮੂ ਤੇ ਰਹੀਮੂ ਦੀ ਮਾਨਸਿਕ ਸਥਿਤੀ ਦਾ ਵਰਣਨ ਕਰੋ। 20

**http://www.gnduonline.com**
**Whatsapp @ 9300930012**
**Your old paper & get 10/-**
**पुराने पेपर्स भेजे और 10 रुपये पायें,**
**Paytm or Google Pay से**



http://www.gnduonline.com